ਪੰਜਾਬ ਸਰਕਾਰ
ਸਿੰਚਾਈ ਵਿਭਾਗ
(ਸਿੰਚਾਈ ਪ੍ਰਸੋਨਲ - 2 ਸ਼ਾਖਾ)

**ਪੰਜਾਬ ਦੇ ਰਾਜਪਾਲ ਜੀ ਦੇ ਹੁਕਮ**

ਜੂਨੀਅਰ ਇੰਜੀਨੀਅਰ, ਸਿਵਲ/ਮਕੈਨੀਕਲ ਤੋਂ ਬਤੌਰ ਉਪ. ਮੰਡਲ ਇੰਜੀਨੀਅਰ ਪੱਦ ਉਨਤੀਆਂ ਕਰਨ ਲਈ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਮਿਤੀ 08.01.2015 ਨੂੰ ਹੋਈ ਸੀ। ਵਿਭਾਗੀ ਤਰੱਕੀ ਕਮੇਟੀ ਵੱਲੋਂ ਜੂਨੀਅਰ ਇੰਜੀਨੀਅਰ, ਸਿਵਲ/ਮਕੈਨੀਕਲ ਤੋਂ ਬਤੌਰ ਉਪ ਮੰਡਲ ਇੰਜੀਨੀਅਰ ਪੱਦ ਉਨਤੀਆਂ ਕਰਨ ਲਈ ਸਿਫਾਰਸ਼ਾਂ ਕੀਤੀਆਂ ਗਈਆਂ ਸਨ। ਵਿਭਾਗੀ ਤਰੱਕੀ ਕਮੇਟੀ ਵੱਲੋਂ ਕੀਤੀਆਂ ਗਈਆਂ ਸਿਫਾਰਸ਼ਾਂ ਦੇ ਸਨਮੁੱਖ, ਮਿਤੀ 31.01.2015 ਤੱਕ ਖਾਲੀ ਹੋਈਆਂ ਉਪ ਮੰਡਲ ਅਫਸਰਾਂ ਦੀਆਂ ਅਸਾਮੀਆਂ ਵਿਰੁੱਧ ਹੇਠ ਲਿਖੇ ਜੂਨੀਅਰ ਇੰਜੀਨੀਅਰ, ਸਿਵਲ ਨੂੰ ਤਨਖਾਹ ਸਕੇਲ 15600-39100+5400 ਗ੍ਰੇਡ ਪੇਅ ਵਿੱਚ ਪੱਦ ਉਨਤ ਕੀਤਾ ਜਾਂਦਾ ਹੈ:-

| ਲੜੀ ਨੰ: | ਅਧਿਕਾਰੀ ਦਾ ਨਾਮ ਸਰਵ ਸ਼੍ਰੀ/ | ਸੀਨੀਆਰਤਾ ਨੰ: |
|---|---|---|
| 1. | ਕ੍ਰਿਸ਼ਨ ਕੁਮਾਰ | 271 |
| 2. | ਮੰਗਤ ਰਾਮ | 273 |
| 3. | ਤੀਰਥ ਰਾਮ | 274 |
| 4. | ਨਰੈਣ ਦਾਸ | 276 |

2. ਇਹ ਪੱਦ ਉਨਤੀਆਂ ਹੇਠ ਲਿਖੀਆਂ ਸ਼ਰਤਾਂ/ਵੱਖ-ਵੱਖਰੀਆਂ ਮਾਨਯੋਗ ਕੋਰਟਾਂ/ਮਾਨਯੋਗ ਸੁਪਰੀਮ ਕੋਰਟ ਵਿੱਚ ਚੱਲ ਰਹੀਆਂ ਸਿਵਲ ਰਿੱਟ ਪਟੀਸ਼ਨਾਂ/ਐਸ.ਐਲ.ਪੀਜ਼ ਵਿੱਚ ਹੋਣ ਵਾਲੇ ਫੈਸਲਿਆਂ ਤੇ ਅਧਾਰਿਤ ਹੋਣਗੀਆਂ:-

ੳ) ਉਪ ਮੰਡਲ ਅਫਸਰ ਦੀ ਅਸਾਮੀ ਦਾ ਚਾਰਜ਼ ਸੰਭਾਲਣ ਦੀ ਮਿਤੀ ਤੋਂ ਪ੍ਰਭਾਵਿਤ ਹੋਣਗੀਆਂ।

ਅ) ਜੁਆਇੰਨ ਕਰਨ ਦੀ ਮਿਤੀ ਤੋਂ ਇੱਕ ਸਾਲ ਦਾ ਪਰਖ ਕਾਲ ਸਮਾਂ ਹੋਵੇਗਾ।

ੲ) 85ਵੀਂ ਸੰਵਿਧਾਨਿਕ ਸੋਧ ਨੂੰ ਲਾਗੂ ਕਰਨ ਬਾਰੇ ਸਰਕਾਰ ਵੱਲੋਂ ਲਏ ਜਾਣ ਵਾਲੇ ਫੈਸਲਿਆਂ ਤੇ ਨਿਰਧਾਰਿਤ ਹੋਣਗੀਆਂ।

ਸ) ਸਭ ਤੋਂ ਹੇਠਲੇ ਕਾਡਰ (ਫੀਡਰ-ਕਾਡਰ) ਦੀ ਅਸਾਮੀ ਪ੍ਰਸੋਨਲ ਵਿਭਾਗ ਵੱਲੋਂ ਜਾਰੀ ਹਦਾਇਤਾਂ ਨੰ: 03/41/02-3ਪੀਪੀ1/8003, ਮਿਤੀ 19.06.2002 ਅਨੁਸਾਰ ਖਤਮ ਸਮਝੀ ਜਾਵੇਗੀ।

ਹ) ਜੇਕਰ ਕਿਸੇ ਕਰਮਚਾਰੀ ਵਿਰੁੱਧ ਭੈੜੇ ਕਥਨਾਂ ਬਾਰੇ ਵਿਭਾਗੀ ਕਾਰਵਾਈ ਸਰਕਾਰ ਦੇ ਧਿਆਨ ਵਿੱਚ ਆਉਂਦੀ ਹੈ ਤਾਂ ਸਬੰਧਤ ਅਧਿਕਾਰੀ ਦੀ ਕੀਤੀ ਗਈ ਪੱਦ ਉਨਤੀ ਨੂੰ ਮੁੜ ਵਿਚਾਰਿਆ ਜਾਵੇਗਾ।

ਮਿਤੀ, ਚੰਡੀਗੜ੍ਹ:
10 /02/2015

ਕਾਹਨ ਸਿੰਘ ਪੰਨੂੰ
ਸਕੱਤਰ, ਪੰਜਾਬ ਸਰਕਾਰ
ਸਿੰਚਾਈ ਵਿਭਾਗ

ਨੰ: 08/15/2014-1ਸਿੰਪ੍ਰੋ(2)/ 76

ਮਿਤੀ, ਚੰਡੀਗੜ੍ਹ: 10/2/2015

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ।
2. ਸਮੂਹ ਮੁੱਖ ਇੰਜੀਨੀਅਰ/ ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ।
3. ਮਹਾਂਲੇਖਾਕਾਰ ( ਲੇਖਾ ਤੇ ਹੱਕਦਾਰੀ) ਪੰਜਾਬ, ਚੰਡੀਗੜ੍ਹ।
4. ਸਕੱਤਰ, ਬੀ.ਬੀ.ਐਮ.ਬੀ. ਮੱਧਿਆ ਮਾਰਗ, ਸੈਕਟਰ-19, ਚੰਡੀਗੜ੍ਹ।
5. ਸਬੰਧਤ ਨਿਗਰਾਨ ਇੰਜੀਨੀਅਰ/ਸਿੰਚਾਈ ਵਿਭਾਗ, ਪੰਜਾਬ।
6. ਸਬੰਧਤ ਕਾਰਜਕਾਰੀ ਇੰਜੀਨੀਅਰ/ਸਿੰਚਾਈ ਵਿਭਾਗ, ਪੰਜਾਬ।
7. ਸਬੰਧਤ ਅਧਿਕਾਰੀ।

ਸੁਪਰਡੰਟ

**ਅੰਦਰਨੀ ਵੰਡ:-**

- ਨਿੱ:ਸ:/ ਮਾਨਯੋਗ ਸਿੰਚਾਈ ਮੰਤਰੀ ਜੀ।
- ਨਿੱ:ਸ:/ ਮਾਨਯੋਗ ਸਕੱਤਰ ਸਿੰਚਾਈ ਜੀ।